੦੯੨

ਰਹਿਤ

(ਲੇਖਕ: ਬਲਵਿੰਦਰ ਸਿੰਘ)

ਰਹਿਤ ਦਾ ਜ਼ਿਕਰ ਆਉਂਦਿਆਂ ਹੀ ਸਾਡੇ ਅੰਦਰ ਇਕ ਦਮ ਗੁਰਮਤਿ ਦੀ ਰਹਿਤ ਮਰਿਯਾਦਾ ਦਾ ਖ਼ਿਆਲ ਆਉਂਦਾ ਹੈ ਅਤੇ ਖ਼ਾਸ ਕਰਕੇ ਉਹ ਰਹਿਤ ਮਰਿਯਾਦਾ ਜੋ ਸਾਨੂੰ ਅੰਮ੍ਰਿਤ ਪਾਨ ਕਰਨ ਵੇਲੇ ਦੱਸੀ ਜਾਂਦੀ ਹੈ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਪੰਜ ਕਕਾਰ ਅਤੇ ਕੁਰਹਿਤਾਂ ਸਬੰਧੀ ਵਿਚਾਰ ਤੇ ਵਿਸਥਾਰ ਹੁੰਦਾ ਹੈ। ਰਹਿਤ ਸਬੰਧੀ ਜਦੋਂ ਵੀ ਸਾਡੇ ਹਿਰਦਿਆਂ ਵਿੱਚ ਵਿਚਾਰ ਉਤਪੰਨ ਹੋਣ ਤਾਂ ਸਾਨੂੰ ਉਨ੍ਹਾਂ ਦਾ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲੱਭਣਾ ਚਾਹੀਦਾ ਹੈ। ਗੁਰੂ ਮਹਾਂਬਲੀ ਸੂਰਮਾ ਹੈ, ਪੂਰਾ ਹੈ ਅਤੇ ਪੂਰੇ ਦਾ ਆਖਿਆ ਸਭ ਕੁਝ ਪੂਰਾ ਹੈ, ਘੱਟ ਵੱਧ ਹੋ ਹੀ ਨਹੀਂ ਸਕਦਾ। ਘਾਟ ਸਾਡੇ ਅੰਦਰ ਹੈ, ਸਾਡੀ ਸਮਝ ਅਧੂਰੀ ਹੈ ਅਤੇ ਥੋੜ੍ਹੀ ਹੈ। ਸਾਡੇ ਅਧੂਰੇਪਣ ਕਾਰਨ ਸਾਡਾ ਪੂਰੇ ਵੱਲ ਪੂਰੇ ਧਿਆਨ ਨਾਲ ਰੀਝ ਨਾਲ ਵੇਖਣਾ ਅਤਿ ਜ਼ਰੂਰੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਕਾਰਾਂ ਦਾ ਰਹਿਤ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸਿੱਖੀ ਹਿਰਦੇ ਤੋਂ ਧਾਰਨ ਕਰਨੀ ਹੈ, ਇਸ ਲਈ ਵੇਖਣਾ ਹੋਵੇਗਾ ਕਿ ਰਹਿਤ ਕੀ ਹੈ? ਗੁਰੂ ਗ੍ਰੰਥ ਸਾਹਿਬ ਦਾ ਇੱਕ ਮਹਾਂਵਾਕ ਵਿਚਾਰੀਏ ਤਾਂ ਰਹਿਤ ਦੇ ਅਰਥ ਸਮਝ ਆ ਜਾਣਗੇ।

– ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥ (੧੩੯੫)

ਭੱਟ ਸਾਹਿਬਾਨ ਕਹਿੰਦੇ ਹਨ ਕਿ ਅਸੀਂ ਸਾਰੇ ਪਿਛਲੇ ਇੱਕ ਸਾਲ ਤੋਂ ਇਧਰ ਉਧਰ ਭਟਕ ਰਹੇ ਸਾਂ। ਸੰਨਿਆਸੀਆਂ, ਤਪੱਸਵੀਆਂ, ਵਿਦਵਾਨਾਂ, ਸੰਤਾਂ ਸਾਧਾਂ ਤੇ ਪੰਡਿਤਾਂ ਪਾਸ ਗਏ ਸਾਂ ਪਰ ਸਾਡੀ ਕਿਧਰੇ ਵੀ ਗੱਲ ਨਹੀਂ ਬਣੀ। ਸੁਣਿਆ ਬਹੁਤ ਕੁਝ ਪਰ ਰਹਤ (ਹਿਰਦੇ) ਨੂੰ ਖੁਸ਼ੀ ਨਹੀਂ ਹੋਈ। ਪਰ ਸਤਿਗੁਰਾਂ ਦੇ ਦਰਸ਼ਨ ਪ੍ਰਾਪਤ ਕਰਕੇ ਸਾਨੂੰ ਹਾਰਦਿਕ ਪ੍ਰਸੰਨਤਾ ਹੋਈ ਹੈ। ਗੁਰੂ ਘਰ ਦੀ ਵਿਲੱਖਣ ਮਹਾਨਤਾ ਸਾਡੇ ਸੰਸਾਰੀਆਂ ਸਾਹਮਣੇ ਚਾਨਣ ਰੂਪ ਹੋ ਕੇ ਪ੍ਰਗਟ ਹੋਈ ਹੈ। ਗੁਰੂ ਪਾਤਸ਼ਾਹ ਤੇ ਗੁਰੂ ਘਰ ਸੱਚਾ ਹੈ, ਸੱਚ ਦਾ ਢੁੰਢਾਊ ਹੈ ਅਤੇ ਰਚਨਾਤਮਕ ਹੈ। ਜੋ ਮੂੰਹੋਂ ਕਿਹਾ ਜਾਂਦਾ ਹੈ ਉਸ ਅਨੁਸਾਰ ਕੀਤਾ ਜਾਂਦਾ ਹੈ। ਦਰਅਸਲ ਇਹੀ ਰਹਿਤ ਹੈ ਅਤੇ ਇਹ ਰਹਿਤ ਮਰਿਯਾਦਾ ਤੋਂ ਬਣੀ ਹੈ। ਮਰਿਯਾਦਾ ਸਤਿਗੁਰਾਂ ਨੇ ਆਪ ਬੰਨ੍ਹੀ ਹੈ। ਜਦੋਂ **"ਰਹਿਤ"** ਸ਼ਬਦ ਵਿੱਚ **"ਹ"** ਨੂੰ ਸਿਹਾਰੀ ਨਾ ਲੱਗੀ ਹੋਵੇ ਤਾਂ ਇਹ ਅੰਦਰਲੇ ਜਾਂ ਹਿਰਦੇ ਦਾ ਭਾਵ ਦੇਵੇਗੀ। ਜਦੋਂ **ਰਹਿਤ** ਦੇ **"ਹ"** ਨੂੰ ਸਿਹਾਰੀ ਲੱਗੀ ਹੋਵੇ ਤਾਂ ਇਸ ਦਾ ਭਾਵ ਜੀਵਨ ਜਾਚ, ਜੀਵਨ ਵਿਧੀ ਜੋ ਮਰਿਯਾਦਾ ਤੋਂ ਬਣੀ ਹੈ, ਹੋਵੇਗਾ।

ਰਹਿਤ ਹਮੇਸ਼ਾਂ ਅੰਦਰੋਂ ਉਪਜੇਗੀ, ਜਦੋਂ ਮਨ ਮੰਨ ਲਵੇਗਾ ਕਿ ਗੁਰੂ ਪਾਤਸ਼ਾਹ ਦੇ ਹੁਕਮ ਸਦੀਵੀ ਤੇ ਤ੍ਰੈਕਾਲ ਸੱਚ ਹਨ, ਉਦੋਂ ਮਨੁੱਖ ਰਹਿਤ ਦਾ ਧਾਰਨੀ ਬਣ ਜਾਵੇਗਾ। ਜਦੋਂ ਅਸੀਂ ਮਨ ਤੋਂ ਗੁਰੂ ਨੂੰ ਮੰਨ ਲੈਂਦੇ ਹਾਂ, ਗੁਰੂ ਦੇ ਹੁਕਮ ਤੇ ਸਿੱਖੀ ਪਿਆਰੀ ਲੱਗਦੀ ਹੈ, ਉਦੋਂ ਰਹਿਤ ਰੱਖਣ ਵਿੱਚ ਆਪਣੇ ਆਪ ਨੂੰ ਗੌਰਵਸ਼ਾਲੀ ਸਮਝਦੇ ਹਾਂ ਤੇ ਫਿਰ ਇਹ ਕਕਾਰ ਵਿਸ਼ੇਸ਼ ਕਰਕੇ ਸਰੀਰ ਤੋਂ ਹਟਾਏ ਨਹੀਂ ਜਾ ਸਕਦੇ ਭਾਵੇਂ ਫਿਰ ਸਿਰ ਹੀ ਕਿਉਂ ਨਾ ਕਟਾਉਣਾ ਪਏ।

ਰਹਿਤਵਾਨ ਸਿੱਖ ਦਾ ਚਲਨ ਅਜਿਹਾ ਪਵਿੱਤਰ ਹੋ ਜਾਂਦਾ ਹੈ ਕਿ ਉਹ ਅੰਦਰੋਂ ਬਾਹਰੋਂ ਇੱਕੋ ਜਿਹਾ ਪਾਰਦਰਸ਼ਕ ਚਲਨ ਵਾਲਾ ਮਨੁੱਖ ਹੁੰਦਾ ਹੈ। ਉਸਦੀ ਕਰਨੀ ਅਤੇ ਕਥਨੀ ਵਿੱਚ ਅੰਤਰ ਨਹੀਂ ਹੁੰਦਾ। ਇਸ ਵੱਡਮੁਲੇ ਸਿਧਾਂਤ ਦੀ ਵਿਆਖਿਆ ਜਾਂ ਪਰਪੱਕਤਾ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪ੍ਰਾਪਤ ਹੁੰਦੀ ਹੈ।

– ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥ (੨੬੯)

ਸਰਬ ਕਲਾ ਦਾ ਗਿਆਤਾ ਘਟਿ ਘਟਿ ਦਾ ਜਾਣਨਹਾਰ ਵਾਹਿਗੁਰੂ ਪੂਰਨ ਤੌਰ 'ਤੇ ਨਿਪੁੰਨ ਤੇ ਪ੍ਰਬੀਨ ਹੈ। ਉਸ ਨਾਲ ਧੋਖਾਧੜੀ ਅਤੇ ਮੁਲੰਮੇਬਾਜੀ ਨਹੀਂ ਚਲ ਸਕਦੀ। ਜੇ ਕੋਈ ਸਿੱਖ ਸਿੱਖੀ ਦਾ ਭੇਖ ਬਣਾ ਲਵੇ ਤਾਂ ਮੇਰਾ ਸਤਿਗੁਰ ਦਾਤਾ ਅਕਾਲ ਪੁਰਖ ਇਨ੍ਹਾਂ ਭੇਖਾਂ ਤੇ ਨਾ ਤਾਂ ਖੁਸ਼ ਹੁੰਦਾ ਹੈ ਤੇ ਨਾ ਹੀ ਭਿੱਜਦਾ ਹੈ। ਇਸੇ ਗੱਲ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ:

– ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥ (੪੬੮)

ਜਿੰਨਾ ਚਿਰ ਮਨ ਮਾਂਜਿਆ ਨਹੀਂ ਜਾਂਦਾ, ਉਸਦੀ ਕਾਲਖ ਨਹੀਂ ਉਤਰਦੀ, ਉਨਾਂ ਚਿਰ ਉਸ ਉਪਰ ਸਿੱਖੀ ਦਾ ਰੰਗ ਨਹੀਂ ਚੜ੍ਹ ਸਕਦਾ। ਜਿਵੇਂ ਕੋਰੇ ਕੱਪੜੇ ਉੱਤੇ ਉਨ੍ਹੀ ਦੇਰ ਰੰਗ ਨਹੀਂ ਚੜ੍ਹਦਾ ਜਿੰਨੀ ਦੇਰ ਪਹਿਲਾਂ ਉਸਨੂੰ ਭੱਠੀ ਵਿੱਚ ਪਾ ਕੇ ਖੁੰਭ ਨਹੀਂ ਚਾੜਿਆ ਜਾਂਦਾ ਅਤੇ ਕੋਰ ਨਹੀਂ ਭੱਜਦੀ। ਮਨ ਦਾ ਮਾਂਜਿਆ ਜਾਣਾ ਜਾਂ ਖੁੰਬ ਚਾੜੇ ਜਾਣਾ ਸਾਧ ਸੰਗਤ ਵਿੱਚ ਹੋ ਸਕਦਾ ਹੈ। ਇਹ ਸੰਤ ਸਭਾ ਜਾਂ ਸਾਧ ਸੰਗਤ ਹੀ ਖ਼ਾਲਸਾ ਹੈ ਅਤੇ ਖ਼ਾਲਸਾ ਰਹਿਤਵਾਨ ਹੈ, ਅੰਦਰੋਂ ਬਾਹਰੋਂ ਇੱਕ ਹੈ, ਪਾਰਦਰਸ਼ੀ ਅਤੇ ਦਿਬਦਰਸ਼ੀ ਹੈ। ਰਹਿਤ ਤੋਂ ਸੁੱਚਾ, ਭਲਾ ਤੇ ਪ੍ਰੀਤਵਾਨ ਗੁਰਸਿੱਖ ਹੀ ਰਹਿਤਵਾਨ ਹੋਵੇਗਾ। ਇਹੀ ਗੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:

– ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹੀ॥

ਸਵੱਛ ਹਿਰਦੇ ਵਾਲਾ, ਗੁਰੂ ਤੋਂ ਪ੍ਰਭਾਵਿਤ ਹੋ ਕੇ, ਗੁਰੂ ਦਾ ਅਨੁਯਾਈ ਗੁਰਸਿੱਖ ਹੀ ਗੁਰੂ ਨੂੰ ਚੰਗਾ ਲੱਗੇਗਾ ਅਤੇ ਗੁਰੂ ਦਾ ਪਿਆਰਾ ਹੋਵੇਗਾ। ਇੱਕ ਗੱਲ ਹੋਰ ਵਿਚਾਰ ਲੈਣੀ ਚਾਹੀਦੀ ਹੈ ਕਿ ਕੋਈ ਸਿੱਖ ਕੇਸ ਧਾਰਨ ਤਾਂ ਕਰੇ, ਪਰ ਹੋਰ ਕਕਾਰ ਧਾਰਨ ਨਾ ਕਰੇ, ਤਾਂ ਵੀ ਉਹ ਗੁਰੂ ਨੂੰ ਪ੍ਰਵਾਨ ਨਹੀਂ ਅਤੇ ਜੇ ਢੁੱਚਰ ਵਜੋਂ ਕੇਸਾਂ ਦੀ ਬੇਅਦਬੀ ਕਰਕੇ ਇਹ ਆਖੇ ਕਿ ਕੇਸਾਂ ਤੇ ਕਕਾਰਾਂ ਦੀ ਕੀ ਲੋੜ ਹੈ, ਸਿੱਖੀ ਤਾਂ ਮੇਰੇ ਅੰਦਰ ਹੈ ਤਾਂ ਇਹ ਗੱਲ ਵੀ ਬਹੁਤ ਹਾਨੀਕਾਰਕ ਅਤੇ ਹਾਸੋਹੀਣੀ ਹੋਵੇਗੀ। **'ਰਹਿਤ'** ਤਾਂ ਚੱਲੀ ਹੀ **"ਰਹਤ"** ਤੋਂ ਹੈ। ਜੇ ਸਿੱਖੀ ਅੰਦਰ ਹੈ ਤਾਂ ਫਿਰ ਬਾਹਰ ਕਿਉਂ ਨਹੀਂ ਆਈ? ਇਹ ਬਾਹਰੋਂ ਕਿਉਂ ਨਹੀਂ ਦਿੱਸਦੀ? ਜੇ ਹਿਰਦਾ ਸ਼ੁਧ ਹੈ ਤਾਂ ਸਿੱਖੀ ਦੀ ਰੰਗਤ ਪਿੰਡੇ, ਕਿਰਦਾਰ ਅਤੇ ਵਿਹਾਰ ਵਿੱਚ ਵੀ ਹੋਵੇਗੀ। ਇਸ ਸਬੰਧ ਵਿੱਚ ਨਾ ਤਾਂ ਧੋਖੇਬਾਜੀ ਚਲ ਸਕਦੀ ਹੈ ਅਤੇ ਨਾ ਹੀ ਚਲਾਕੀ।

ਇਸ ਤਰ੍ਹਾਂ ਦੇ ਚਲਨ ਵਾਲੇ ਨੂੰ ਗੁਰਬਾਣੀ ਨੇ ਕੱਚਾ ਕਿਹਾ ਹੈ ਅਤੇ ਕੱਚੜਿਆਂ ਨਾਲੋਂ ਤੋੜਨ ਦੀ ਤਾਕੀਦ ਵੀ ਕੀਤੀ ਹੈ। ਜਿੰਨ੍ਹਾਂ ਦੇ ਮਨ ਹੋਰ ਅਤੇ ਮੁੱਖ ਹੋਰ ਹਨ ਉਹ ਕੱਚੇ ਹਨ ਅਤੇ ਅਜਿਹੇ ਪੁਰਖਾਂ ਨੂੰ ਫਾਲਤੂ ਬੰਦੇ ਧਰਤੀ ਉੱਤੇ ਨਿਕੰਮੇ ਭਾਰੂ ਆਖਿਆ ਹੈ। ਚਲਾਕੀਆਂ, ਚਤੁਰਾਈਆਂ, ਬਹਾਨੇਬਾਜ਼ੀਆਂ, ਢੁੱਚਰਾਂ, ਘੁਣਤਰਾਂ ਆਦਿ ਤਰ੍ਹਾਂ ਤਰ੍ਹਾਂ ਦੇ ਉਪਾਵ ਅਤੇ ਸਿਆਣਪਾਂ ਤੋਂ ਬਗ਼ੈਰ ਗੁਰੂ ਪਿਤਾ ਦੀ ਖਰੀ ਬਾਤ ਨੂੰ ਮੰਨ ਲੈਣਾ, ਰਹਿਤ ਮਜ਼ਬੂਤ ਹੋਣ ਦਾ ਪਹਿਲਾ ਕਦਮ ਹੈ।

– ਉਪਾਵ ਸਿਆਨਪ ਸਗਲ ਤੇ ਰਹਤ॥ ਸਭੁ ਕਛੁ ਜਾਨੈ ਆਤਮ ਕੀ ਰਹਤ॥ (੨੬੯)

ਆਤਮਾ ਦੇ ਅੰਦਰੋਂ, ਦਿਲ ਦੀ ਗਹਿਰਾਈ ਵਿੱਚੋਂ ਸਾਧੂ ਗੁਰ ਪਿਤਾ ਦੇ ਬਚਨਾਂ ਅਤੇ ਹੁਕਮਾਂ ਨੂੰ ਸਤਿ ਸਤਿ ਕਰਕੇ ਜਾਣਨ ਨਾਲ ਹੀ ਅਸੀਂ ਰਹਿਤ ਦੀ ਵਡਿਆਈ ਅਤੇ ਮਹਾਨਤਾ ਨੂੰ ਮਾਣ ਸਕਦੇ ਹਾਂ। ਇਹੀ ਗੱਲ ਗੁਰੂ ਨਾਨਕ ਪਾਤਸ਼ਾਹ ਜੀ ਨੇ ਮੂਲ ਰੂਪ ਵਿੱਚ ਦੱਸੀ, ਗੁਰੂ ਅਰਜਨ ਦੇਵ ਜੀ ਨੇ ਦ੍ਰਿੜ੍ਹ ਕਰਵਾਈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰਾਂ ਦੀ ਬਖਸ਼ੀ ਹੋਈ ਮਰਿਯਾਦਾ ਨੂੰ ਰਹਿਤ ਦਾ ਰੂਪ ਦੇ ਕੇ ਮਿਹਰ ਕੀਤੀ।

– ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ॥
ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ॥ (੮੦੭)